ਸਿਵਲ ਰੀਵੀਜ਼ਨਲ

*ਭੰਡਾਰੀ ਸੀ.ਜੇ.ਦੀ ਅਦਾਲਤ ਵਿੱਚ*

ਲੱਖਾ ਸਿੰਘ ਅਤੇ ਹੋਰ, *ਪਟੀਸ਼ਨਕਰਤਾ*

*ਬਨਾਮ*

ਹਰਭਜਨ ਸਿੰਘ ਅਤੇ ਹੋਰ,-*ਉੱਤਰਦਾਤਾ*।

1954 ਦੀ ਸਿਵਲ ਰਵੀਜ਼ਨ ਨੰ 315

ਇੰਡੀਅਨ ਟਰੱਸਟ ਐਕਟ (1882 ਦਾ II) - ਧਾਰਾ 43 ਅਤੇ 48 - ਕੀ ਟਰੱਸਟੀਆਂ ਵਿੱਚੋਂ ਕੋਈ ਇੱਕ ਆਪਣੇ ਸਹਿ-ਟ੍ਰਸਟੀਆਂ ਦੀ ਸਹਿਮਤੀ ਪ੍ਰਾਪਤ ਕੀਤੇ ਬਿਨਾਂ ਅਜਿਹੇ ਮਾਮਲੇ ਦਾ ਹਵਾਲਾ ਦੇਣ ਲਈ ਸਮਰੱਥ ਹੈ ਜਿਸ ਵਿੱਚ ਟਰੱਸਟ ਸਾਲਸੀ ਲਈ ਦਿਲਚਸਪੀ ਰੱਖਦਾ ਹੈ।

ਇਹ ਮੰਨਿਆ ਗਿਆ ਹੈ ਕਿ ਟਰੱਸਟ ਦੀ ਦਿਲਚਸਪੀ ਵਾਲੇ ਮਾਮਲੇ ਦਾ ਹਵਾਲਾ ਦੇਣਾ ਆਪਣੇ ਸਹਿ-ਟਰਸਟੀਆਂ ਦੀ ਸਹਿਮਤੀ ਪ੍ਰਾਪਤ ਕੀਤੇ ਬਿਨਾਂ ਸਾਲਸੀ ਲਈ ਕਿਸੇ ਟਰੱਸਟੀ ਦੀ ਯੋਗਤਾ ਵਿੱਚ ਨਹੀਂ ਹੈ। ਟਰੱਸਟ ਐਕਟ ਦੀ ਧਾਰਾ 43 ਇਹ ਸਪੱਸ਼ਟ ਕਰਦੀ ਹੈ ਕਿ ਇਹ ਦੋ ਜਾਂ ਦੋ ਤੋਂ ਵੱਧ ਟਰੱਸਟੀਆਂ ਲਈ ਇਕੱਠੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ ਕਿ ਉਹ ਟਰੱਸਟ ਨਾਲ ਸਬੰਧਤ ਕਿਸੇ ਵੀ ਵਿਵਾਦ ਨੂੰ ਸਾਲਸੀ ਲਈ ਪੇਸ਼ ਕਰ ਸਕਦੇ ਹਨ। ਜਦੋਂ ਕਿਸੇ ਟਰੱਸਟ ਦੇ ਪ੍ਰਬੰਧਨ ਲਈ ਦੋ ਜਾਂ ਦੋ ਤੋਂ ਵੱਧ ਟਰੱਸਟੀ ਨਿਯੁਕਤ ਕੀਤੇ ਜਾਂਦੇ ਹਨ, ਤਾਂ ਉਹ ਸਾਰੇ ਇੱਕ ਸਮੂਹਿਕ ਟਰੱਸਟੀ ਬਣਦੇ ਹਨ ਅਤੇ ਉਹਨਾਂ ਨੂੰ ਉਹਨਾਂ ਸਾਰੀਆਂ ਸ਼ਕਤੀਆਂ ਦੀ ਸਾਂਝੇ ਤੌਰ 'ਤੇ ਵਰਤੋਂ ਕਰਨੀ ਚਾਹੀਦੀ ਹੈ ਜੋ ਉਹਨਾਂ ਦੇ ਵਿਵੇਕ ਅਤੇ ਨਿਰਣੇ ਦੀ ਮੰਗ ਕਰਦੀਆਂ ਹਨ ਜਦੋਂ ਤੱਕ ਕਿ ਟਰੱਸਟ ਇੱਕ ਇਕੱਲੇ ਟਰੱਸਟੀ ਨੂੰ ਟਰੱਸਟ ਚਲਾਉਣ ਲਈ ਅਤੇ ਆਪਣੀ ਸ਼ਕਤੀ ਦੀ ਵਰਤੋਂ ਕਰਨ ਲਈ ਅਧਿਕਾਰਤ ਨਹੀਂ ਕਰਦਾ। ਇਹ ਸਹਿ-ਟਰੱਸਟੀਆਂ ਦੀ ਸੰਸਥਾ ਲਈ ਉਹਨਾਂ ਵਿੱਚੋਂ ਇੱਕ ਨੂੰ ਉਹ ਕੰਮ ਕਰਨ ਲਈ ਅਧਿਕਾਰਤ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਸ ਲਈ ਸਾਰਿਆਂ ਦੁਆਰਾ ਸਹਿਮਤੀ ਦਿੱਤੀ ਗਈ ਹੈ ਅਤੇ ਜੋ ਉਹਨਾਂ ਸਾਰਿਆਂ ਦੁਆਰਾ ਸੁਵਿਧਾਜਨਕ ਤੌਰ 'ਤੇ ਨਹੀਂ ਕੀਤਾ ਜਾ ਸਕਦਾ ਹੈ, ਪਰ ਟਰੱਸਟੀ ਜੋ ਇਸ ਤਰ੍ਹਾਂ ਅਧਿਕਾਰਤ ਹੈ, ਨੂੰ ਸਾਰੇ ਸਹਿ-ਟਰੱਸਟੀਆਂ ਦਾ ਨੁਮਾਇੰਦਾ ਮੰਨਿਆ ਜਾਂਦਾ ਹੈ ਨਾ ਕਿ ਇੱਕ ਵਿਅਕਤੀਗਤ ਟਰੱਸਟੀ ਵਜੋਂ।

ਧਾਰਾ 115, ਸਿਵਲ ਪ੍ਰੋਸੀਜਰ ਕੋਡ ਦੇ ਤਹਿਤ, ਵਧੀਕ ਅਪੀਲੀ ਸ਼ਕਤੀਆਂ ਵਾਲੇ ਸੀਨੀਅਰ ਸਬ- ਜੱਜ ਸ਼੍ਰੀ ਵਿਲੀਅਮ ਔਗਸਟਾਈਨ, ਅੰਮ੍ਰਿਤਸਰ ,ਦੇ ਮਿਤੀ 30 ਜੂਨ, 1954 ਦੇ ਹੁਕਮਾਂ ਦੀ ਸੋਧ ਲਈ ਪਟੀਸ਼ਨ, ਜਿਸ ਵਿੱਚ ਸ਼੍ਰੀ ਓਮ ਪ੍ਰਕਾਸ਼ ਅਗਰਵਾਲ, ਸਬ-ਜੱਜ, IV ਕਲਾਸ, ਅੰਮ੍ਰਿਤਸਰ,ਦੇ ਮਿਤੀ 8 ਜਨਵਰੀ, 1954 ਨੂੰ ਦਿੱਤੇ ਇਕ ਫੈਸਲੇ ਨੂੰ ਉੱਲਟਾ ਦਿੱਤਾ ਸੀ ਜਿਸ ਵਿੱਚ (ਐਗਜ਼ੀਬਿਟ ਏ/1) ਦੀਆਂ ਸ਼ਰਤਾਂ ਦੇ ਅਨੁਸਾਰ ਮੁਦਈ-ਉੱਤਰਦਾਤਾ ਹਰਭਜਨ ਸਿੰਘ ਦੇ ਹੱਕ ਵਿੱਚ ਇੱਕ ਡਿਕਰੀ ਪਾਸ ਕੀਤੀ ਸੀ।

ਡੀ.ਕੇ. ਮਹਾਜਨ, ਪਟੀਸ਼ਨਕਰਤਾ ਲਈ।

ਐਫ.ਸੀ. ਮਿੱਤਲ, ਉੱਤਰਦਾਤਾਵਾਂ ਲਈ।

ਫੈਸਲਾ

ਭੰਡਾਰੀ ਸੀ.ਜੇ. -- ਕੋਡ ਆਫ ਸਿਵਲ ਪ੍ਰੋਸੀਜਰ ਦੀ ਧਾਰਾ 115 ਦੇ ਤਹਿਤ ਇਹ ਪਟੀਸ਼ਨ ਸਵਾਲ ਉਠਾਉਂਦੀ ਹੈ ਕਿ ਕੀ ਕਿਸੇ ਟਰੱਸਟੀ ਕੋਲ ਇਹ ਸ਼ਕਤੀ ਹੈ ਕਿ ਉਹ ਆਪਣੇ ਸਹਿ-ਟ੍ਰਸਟੀਆਂ ਦੀ ਸਹਿਮਤੀ ਪ੍ਰਾਪਤ ਕੀਤੇ ਬਿਨਾਂ ਕਿਸੇ ਅਜਿਹੇ ਮਾਮਲੇ ਨੂੰ ਸਾਲਸ ਲਈ ਭੇਜ ਸਕਦਾ ਹੈ ਜਿਸ ਵਿੱਚ ਟਰੱਸਟ ਦੋ ਜਾਂ ਦੋ ਤੋਂ ਵੱਧ ਸਾਲਸੀਆਂ ਦੀ ਸਾਲਸ ਲਈ ਦਿਲਚਸਪੀ ਰੱਖਦਾ ਹੈ।

ਅਰਜ਼ੀ ਵਿਚ ਇਹ ਕਿਹਾ ਗਿਆ ਹੈ ਕਿ ਇਕ ਦਿਆਲ ਸਿੰਘ ਨੇ 28 ਕਨਾਲ 1 ਮਰਲੇ ਜ਼ਮੀਨ ਦੇ ਪਲਾਟ ਵਿਚ ਟਰੱਸਟ ਬਣਾ ਕੇ ਆਪਣੇ ਪੋਤਰੇ ਹਰਭਜਨ ਸਿੰਘ ਮੁਦਈ ਅਤੇ ਦੋ ਹੋਰ ਵਿਅਕਤੀਆਂ ਰਾਧਾ ਸਿੰਘ ਅਤੇ ਸੋਹਣ ਲਾਲ ਨੂੰ ਟਰੱਸਟੀ ਨਿਯੁਕਤ ਕੀਤਾ। 7 ਅਪ੍ਰੈਲ, 1952 ਨੂੰ, ਹਰਭਜਨ ਸਿੰਘ ਨੇ ਲੱਖਾ ਸਿੰਘ ਮੁਦਾਲਾ ਨੰਬਰ 1 ਦੇ ਖਿਲਾਫ ਮੁਕੱਦਮਾ ਦਾਇਰ ਕੀਤਾ ਅਤੇ ਆਪਣੇ ਸਹਿ-ਟ੍ਰਸਟੀਆਂ ਰਾਧਾ ਸਿੰਘ ਅਤੇ ਸੋਹਨ ਲਾਲ ਨੂੰ ਮੁਦਾਲਾ ਨੰਬਰ 2 ਅਤੇ 3 ਦੇ ਤੌਰ 'ਤੇ ਸ਼ਾਮਲ ਕੀਤਾ। 26 ਜੁਲਾਈ,1952 ਨੂੰ ਸਹਿ-ਟ੍ਰਸਟੀਆਂ ਨੇ ਮੁਦਈ ਦੇ ਦਾਅਵੇ ਨੂੰ ਮੰਨਿਆ ਅਤੇ ਕਾਰਵਾਈ ਵਿੱਚ ਕੋਈ ਹੋਰ ਦਿਲਚਸਪੀ ਨਹੀਂ ਲਈ। 3 ਜੁਲਾਈ, 1952 ਨੂੰ, ਮੁਦਾਲਾ ਨੰਬਰ 1 ਲੱਖਾ ਸਿੰਘ ਨੇ ਇੱਕ ਲਿਖਤੀ ਬਿਆਨ ਦਾਇਰ ਕੀਤਾ ਜਿਸ ਵਿੱਚ ਉਸਨੇ ਸਾਰੀ ਸੰਪੱਤੀ ਦੀ ਮਾਲਕੀ ਦਾ ਦਾਅਵਾ ਕੀਤਾ ਜੋ ਕਿ ਵਿਵਾਦ ਦਾ ਵਿਸ਼ਾ ਸੀ। 4 ਅਗਸਤ, 1952 ਨੂੰ, ਮੁਦਈ ਅਤੇ ਮੁਦਾਲਾ ਨੰਬਰ 1 ਦੋਵਾਂ ਨੇ ਅਦਾਲਤ ਵਿੱਚ ਇੱਕ ਅਰਜ਼ੀ ਦਾਇਰ ਕੀਤੀ ਜਿਸ ਵਿੱਚ ਅਦਾਲਤ ਨੂੰ ਬੇਨਤੀ ਕੀਤੀ ਗਈ ਕਿ ਉਹ ਧਿਰਾਂ ਦਰਮਿਆਨ ਵਿਵਾਦ ਦੇ ਮਾਮਲਿਆਂ ਨੂੰ ਦੇਵ ਰਾਜ ਅਤੇ ਅਮੀਰ ਸਿੰਘ ਦੀ ਸਾਲਸ ਲਈ ਭੇਜੇ, ਜੋ ਅਦਾਲਤ ਵਿੱਚ ਹਾਜ਼ਰ ਹੋਏ ਸਨ। ਸਾਲਸੀਆਂ (ਆਰਬਿਟਰੇਟਰਾਂ) ਨੇ ਸਾਲਸ ਵਿੱਚ ਦਾਖਲ ਹੋ ਕੇ 14 ਸਤੰਬਰ 1952 ਨੂੰ ਆਪਣਾ ਫੈਸਲਾ ਸੁਣਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਮੁਦਈ 12 ਕਨਾਲ 16 ਮਰਲੇ ਜ਼ਮੀਨ ਦਾ ਪੂਰਾ ਮਾਲਕ ਸੀ, ਬਾਕੀ ਬਚੀ 15 ਕਨਾਲ 5 ਮਰਲੇ ਜ਼ਮੀਨ ਦਾ ਮਾਲਕ ਲੱਖਾ ਸਿੰਘ ਸੀ। ਅਤੇ ਇਹ ਕਿ ਲੱਖਾ ਸਿੰਘ ਨੂੰ ਸੰਪੱਤੀ ਦੀ ਵੰਡ ਦਾ ਦਾਅਵਾ ਕਰਨ ਦੀ ਆਜ਼ਾਦੀ ਨਹੀਂ ਸੀ। ਇਹ ਫੈਸਲਾ 29 ਸਤੰਬਰ, 1952 ਨੂੰ ਅਦਾਲਤ ਵਿਚ ਦਾਇਰ ਕੀਤਾ ਗਿਆ ਸੀ। ਲੱਖਾ ਸਿੰਘ ਨੇ ਇਸ ਫੈਸਲੇ 'ਤੇ ਕਈ ਇਤਰਾਜ਼ ਉਠਾਏ ਅਤੇ ਅਦਾਲਤ ਨੇ ਇਹ ਨਿਰਧਾਰਿਤ ਕਰਨ ਦੇ ਉਦੇਸ਼ ਨਾਲ ਇਕ ਮੁੱਦਾ ਬਣਾਇਆ ਕਿ ਕੀ ਹਵਾਲਾ ਹੇਠਲੀ ਅਦਾਲਤ ਦੇ ਅਧਿਕਾਰ ਖੇਤਰ ਤੋਂ ਬਾਹਰ ਸੀ। ਹੇਠਲੀ ਅਦਾਲਤ ਇਸ ਸਿੱਟੇ 'ਤੇ ਪਹੁੰਚੀ ਕਿ ਉਸ ਕੋਲ ਇਸ ਮਾਮਲੇ ਤੇ ਵਿਚਾਰ ਕਰਨ ਦਾ ਅਧਿਕਾਰ ਖੇਤਰ ਹੈ ਅਤੇ ਇਸ ਫੈਸਲੇ ਨੂੰ ਅਦਾਲਤ ਦਾ ਨਿਯਮ ਬਣਾ ਦਿੱਤਾ। ਹਾਲਾਂਕਿ, ਅਪੀਲ 'ਤੇ, ਹੇਠਲੀ ਅਪੀਲੀ ਅਥਾਰਟੀ ਨੇ ਇਸ ਦੇ ਉਲਟ ਸਿੱਟੇ 'ਤੇ ਪਹੁੰਚੀ ਅਤੇ ਕਾਨੂੰਨ ਦੇ ਅਨੁਸਾਰ ਨਵੇਂ ਫੈਸਲੇ ਲਈ ਕੇਸ ਨੂੰ ਰਿਮਾਂਡ 'ਤੇ ਲੈ ਲਿਆ। ਰਿਮਾਂਡ 'ਤੇ ਹੇਠਲੀ ਅਦਾਲਤ ਨੇ ਫੈਸਲੇ ਨੂੰ ਰੱਦ ਕਰ ਦਿੱਤਾ, ਪਰ ਸੀਨੀਅਰ ਸਬ-ਜੱਜ, ਜਿਨ੍ਹਾਂ ਕੋਲ ਅਪੀਲ ਕਰਨ ਨੂੰ ਤਰਜੀਹ ਦਿੱਤੀ ਗਈ ਸੀ, ਨੇ ਅਪੀਲ ਦੀ ਇਜਾਜ਼ਤ ਦਿੱਤੀ ਅਤੇ ਫੈਸਲੇ ਨੂੰ ਬਰਕਰਾਰ ਰੱਖਿਆ। ਇਸ ਫੈਸਲੇ ਦੇ ਖਿਲਾਫ ਲੱਖਾ ਸਿੰਘ ਮੁਦਾਲਾ ਨੰਬਰ 1 ਨੇ ਸਿਵਲ ਕੋਡ ਦੀ ਧਾਰਾ 115 ਅਧੀਨ ਪਟੀਸ਼ਨ ਦਾਇਰ ਕੀਤੀ ਹੈ।

ਟਰੱਸਟ ਐਕਟ ਦੀ ਧਾਰਾ 43 ਹੇਠ ਲਿਖੀਆਂ ਸ਼ਰਤਾਂ ਅਨੁਸਾਰ ਹੈ: -

"43. ਦੋ ਜਾਂ ਦੋ ਤੋਂ ਵੱਧ ਟਰੱਸਟੀ ਇਕੱਠੇ ਕੰਮ ਕਰ ਸਕਦੇ ਹਨ, ਜੇ ਅਤੇ ਜਿਵੇਂ ਉਹ ਠੀਕ ਸਮਝਦੇ ਹਨ-

(ੳ) * * * * *

(ਅ) * * * * *

(ੲ) ਸਮਝੌਤਾ, ਕੰਪਾਉਂਡ (compound,), ਤਿਆਗ, ਸਾਲਸ (ਆਰਬਿਟਰੇਸ਼ਨ) ਲਈ ਸੌਂਪਣਾ ਜਾਂ ਹੋਰ ਕਿਸੇ ਵੀ ਕਰਜ਼ੇ, ਖਾਤੇ, ਦਾਅਵੇ ਜਾਂ ਟਰੱਸਟ ਨਾਲ ਸਬੰਧਤ ਕਿਸੇ ਵੀ ਚੀਜ਼ ਦਾ ਨਿਪਟਾਰਾ ਕਰਨਾ; ਅਤੇ

(ਸ) * * * * *

ਇਸ ਧਾਰਾ ਦੁਆਰਾ ਦੋ ਜਾਂ ਦੋ ਤੋਂ ਵੱਧ ਟਰੱਸਟੀਆਂ ਨੂੰ ਮਿਲ ਕੇ ਕੰਮ ਕਰਨ ਵਾਲੀਆਂ ਸ਼ਕਤੀਆਂ ਦੀ ਵਰਤੋਂ ਇਕੱਲੇ ਕਾਰਜਕਾਰੀ ਟਰੱਸਟੀ ਦੁਆਰਾ ਕੀਤੀ ਜਾ ਸਕਦੀ ਹੈ ਜਦੋਂ ਟਰੱਸਟ ਦੀ ਸ਼ਕਤੀ ਦੁਆਰਾ, ਜੇਕਰ ਕੋਈ ਹੈ, ਤਾਂ ਇਕੱਲੇ ਟਰੱਸਟੀ ਨੂੰ ਟਰੱਸਟਾਂ ਨੂੰ ਚਲਾਉਣ ਅਤੇ ਇਸ ਦੀਆਂ ਸ਼ਕਤੀਆਂ ਦੀ ਵਰਤੋਂ ਕਰਨ ਲਈ ਅਧਿਕਾਰਤ ਕੀਤਾ ਜਾਂਦਾ ਹੈ।"

ਸ਼੍ਰੀ ਐਫ.ਸੀ. ਮਿੱਤਲ, ਜੋ ਕਿ ਮੁਦਈ ਲਈ ਪੇਸ਼ ਹੋਏ ਸਨ, ਨੇ ਦਲੀਲ ਦਿੱਤੀ ਕਿ ਮੌਜੂਦਾ ਕੇਸ ਵਿੱਚ ਮੁਕੱਦਮੇ ਨੂੰ ਸਹੀ ਢੰਗ ਨਾਲ ਪੇਸ਼ ਕੀਤਾ ਗਿਆ ਸੀ ਕਿਉਂਕਿ ਇਹ ਹਰਭਜਨ ਸਿੰਘ ਦੁਆਰਾ ਲਿਆਂਦਾ ਗਿਆ ਸੀ, ਜੋ ਕਿ ਟਰੱਸਟੀਆਂ ਵਿੱਚੋਂ ਇੱਕ ਸੀ ਅਤੇ ਰਾਧਾ ਸਿੰਘ ਅਤੇ ਸੋਹਨ ਲਾਲ, ਬਾਕੀ ਦੋ ਸਨ। ਟਰੱਸਟੀਆਂ, ਨੂੰ ਮੁਦਾਲਾ ਦੇ ਤੌਰ 'ਤੇ ਲਿਗਾ ਗਿਆ ਸੀ। ਰਾਧਾ ਸਿੰਘ ਅਤੇ ਸੋਹਨ ਲਾਲ ਨੇ ਮੁਦਈ ਦੇ ਦਾਅਵੇ ਨੂੰ ਸਵੀਕਾਰ ਕਰ ਲਿਆ ਅਤੇ ਕੇਵਲ ਇੱਕ ਪਾਸੇ ਹਰਭਜਨ ਸਿੰਘ ਮੁਦਈ ਅਤੇ ਦੂਜੇ ਪਾਸੇ ਲੱਖਾ ਸਿੰਘ ਮੁਦਾਲਾ ਸੀ। ਜਿਵੇਂ ਕਿ ਰਾਧਾ ਸਿੰਘ ਅਤੇ ਸੋਹਨ ਲਾਲ ਸਰੀਰਕ ਅਤੇ ਅਲੰਕਾਰਿਕ ਤੌਰ 'ਤੇ ਮੁਕੱਦਮੇ ਤੋਂ ਬਾਹਰ ਹੋ ਗਏ ਸਨ, ਇਹ ਮੁਦਈ ਹਰਭਜਨ ਸਿੰਘ ਅਤੇ ਮੁਦਾਲਾ ਲੱਖਾ ਸਿੰਘ ਦੇ ਹੱਥ ਵਿੱਚ ਸੀ ਕਿ ਉਹ

ਆਪਸੀ ਵਿਵਾਦ ਵਾਲੇ ਮਾਮਲਿਆਂ ਨੂੰ ਦੇਵ ਰਾਜ ਅਤੇ ਅਮੀਰ ਸਿੰਘ ਦੀ ਸਾਲਸ ਲਈ ਸੌਂਪਣ। ਉਹਨਾਂ ਨੂੰ ਇਸ ਵਿਵਾਦ ਨੂੰ ਸਾਲਸ ਲਈ ਭੇਜਣ ਦਾ ਅਧਿਕਾਰ ਦਿੱਤਾ ਗਿਆ ਸੀ ਅਤੇ ਜੇਕਰ ਉਹਨਾਂ ਨੇ ਅਜਿਹਾ ਕੀਤਾ ਤਾਂ ਉਹਨਾਂ ਦੀ ਕਾਰਵਾਈ ਨੂੰ ਕਾਨੂੰਨ ਦੇ ਉਪਬੰਧਾਂ ਦੇ ਉਲਟ ਨਹੀਂ ਕਿਹਾ ਜਾ ਸਕਦਾ।

ਮੈਨੂੰ ਅਫ਼ਸੋਸ ਹੈ ਕਿ ਮੈਂ ਇਸ ਦਲੀਲ ਨਾਲ ਸਹਿਮਤ ਨਹੀਂ ਹਾਂ। ਧਾਰਾ 43 ਇਹ ਬਿਲਕੁਲ ਸਪੱਸ਼ਟ ਕਰਦੀ ਹੈ ਕਿ ਇਹ ਦੋ ਜਾਂ ਦੋ ਤੋਂ ਵੱਧ ਟਰੱਸਟੀਆਂ ਲਈ ਮਿਲ ਕੇ ਕੰਮ ਕਰਨ ਵਾਲੇ ਕਿਸੇ ਵੀ ਵਿਵਾਦ ਜੋ ਉਹਨਾਂ ਵਿਚਕਾਰ ਪੈਦਾ ਹੋ ਸਕਦਾ ਹੈ, ਨੂੰ ਸਾਲਸ ਲਈ ਸੌਂਪਣ ਲਈ ਖੁੱਲ੍ਹਾ ਹੈ । ਮੁਕੱਦਮੇ ਦਾ ਆਧਾਰ ਅਸਲ ਵਿੱਚ ਸਹੀ ਢੰਗ ਨਾਲ ਬਣਾਇਆ ਗਿਆ ਸੀ, ਕਿਉਂਕਿ ਤਿੰਨੋਂ ਟਰੱਸਟੀ ਮੁਦਈ ਅਤੇ ਬਚਾਅ ਪੱਖ ਦੇ ਰੂਪ ਵਿੱਚ ਸਨ ਅਤੇ ਟਰੱਸਟੀਆਂ ਅਤੇ ਲੱਖਾ ਸਿੰਘ ਵਿਚਕਾਰ ਵਿਵਾਦ ਦੇ ਮਾਮਲਿਆਂ ਬਾਰੇ ਫੈਸਲਾ ਕਰਨਾ ਅਦਾਲਤ ਦੀ ਸ਼ਕਤੀ ਦੇ ਅੰਦਰ ਸੀ।

ਪਰ *ਫਰਮ ਸੰਯੁਕਤ ਹਿੰਦੂ ਪਰਿਵਾਰ ਗੋਗਨ ਰਾਮ ਲਛਮੀਨਰਾਇਣ ਨਰਸੰਗ ਦਾਸ ਅਤੇ ਹੋਰਾਂ* ((1) 55 P.L.R. 231.) ਦੇ ਅਧਿਕਾਰ 'ਤੇ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਇਹ ਕੇਸ ਸਾਲਸ ਲਈ ਭੇਜਣ ਲਈ ਮੁਦਾਲਾ ਲੱਖਾ ਸਿੰਘ ਨਾਲ ਸਮਝੌਤੇ ਵਿੱਚ ਟਰੱਸਟੀਆਂ ਵਿੱਚੋਂ ਇੱਕ ਲਈ ਖੁੱਲ੍ਹਾ ਸੀ। ਇਸ ਮਾਮਲੇ ਵਿੱਚ ਮੁਦਈ ਨੇ ਨਰਸੰਗ ਦਾਸ ਅਤੇ ਉਸ ਦੇ ਦੋ ਪੁੱਤਰਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਬਾਅਦ ਵਿੱਚ ਮੁਦਈ ਅਤੇ ਨਰਸੰਗ ਦਾਸ ਦੁਆਰਾ ਇਹ ਮਾਮਲਾ ਇੱਕ ਸਾਲਸ ਲਈ ਦਿੱਤਾ ਗਿਆ ਸੀ। ਮੁਦਈ ਨੇ ਅਰਜ਼ੀ ਦਿੱਤੀ ਕਿ ਦੋਵੇਂ ਪੁੱਤਰਾਂ ਨੂੰ ਰਿਕਾਰਡ ਤੋਂ ਹਟਾਇਆ ਜਾਵੇ। ਕਪੂਰ, ਜੇ. ਨੇ ਕਿਹਾ ਕਿ ਸਾਲਸ ਦੁਆਰਾ ਦਿੱਤਾ ਗਿਆ ਫੈਸਲਾ ਮੁਦਈ ਅਤੇ ਨਰਸੰਗ ਦਾਸ 'ਤੇ ਪਾਬੰਦ ਹੈ। ਅੱਗੇ ਇਹ ਵਿਚਾਰ ਕੀਤਾ ਗਿਆ ਕਿ ਜਿੱਥੇ ਮੁਦਾਲਾ ਦੇ ਹਿੱਤਾਂ ਦੀ ਪੂਰਤੀ ਕੀਤੀ ਜਾ ਸਕਦੀ ਹੈ, ਕੁਝ ਮੁਦਾਲਾ ਮੁਦਈ ਦੇ ਨਾਲ ਮਿਲ ਕੇ ਉਹਨਾਂ ਵਿਚਕਾਰ ਮੱਤਭੇਦ ਵਾਲੇ ਮਾਮਲਿਆਂ ਨੂੰ ਸਾਲਸ ਲਈ ਭੇਜ ਸਕਦੇ ਹਨ; ਪਰ ਜਿੱਥੇ ਮੁਦਾਲਾ ਦੇ ਹਿੱਤਾਂ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ ਹੈ, ਜਿਵੇਂ ਕਿ ਪਾਰਟੀਸ਼ਨ ਮੁਕੱਦਮੇ ਵਿੱਚ, ਕੁਝ ਮੁਦਾਲਿਆਂ ਦੁਆਰਾ ਇਹ (ਮਾਮਲਿਆਂ ਨੂੰ ਸਾਲਸ ਲਈ ਭੇਜਣਾ) ਅਵੈਧ ਹੋਵੇਗਾ। ਇਹ ਫੈਸਲਾ *ਨਰ ਸਿੰਘ ਦਾਸ ਬਨਾਮ ਫਰਮ ਸੰਯੁਕਤ ਹਿੰਦੂ ਪਰਿਵਾਰ ਗੋਗਨ ਰਾਮ ਲਛਮੀ ਨਰਾਇਣ* ((1) (1954) 56 P.L.R. 304.) ਵਿਚ ਲੈਟਰਸ ਪੇਟੈਂਟ ਦੀ ਉੱਪ-ਧਾਰਾ 10 ਦੇ ਤਹਿਤ ਇਸ ਅਦਾਲਤ ਦੇ ਡਿਵੀਜ਼ਨ ਬੈਂਚ ਕੋਲ ਵਿਚਾਰ ਲਈ ਆਇਆ, ਲੈਟਰਸ ਪੇਟੈਂਟ ਬੈਂਚ ਦੇ ਮਾਣਯੋਗ ਜੱਜਾਂ ਨੇ ਇਹ ਫੈਸਲਾ ਕਿਹਾ ਕਿ ਭਾਰਤੀ ਆਰਬਿਟਰੇਸ਼ਨ ਐਕਟ ਦੀ ਧਾਰਾ 21 ਦੇ ਉਪਬੰਧਾਂ ਵਿੱਚ ਇੱਕ ਵੈਧ ਹਵਾਲੇ ਲਈ ਇਹ ਜ਼ਰੂਰੀ ਹੈ ਕਿ ਸਾਰੀਆਂ ਸਬੰਧਿਤ ਧਿਰਾਂ ਨੂੰ ਹਵਾਲੇ ਵਾਲੀ ਅਰਜ਼ੀ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਜੇਕਰ ਵਿਵਾਦ ਨਾਲ ਸਬੰਧਿਤ ਕੋਈ ਧਿਰ ਹਵਾਲੇ ਲਈ

ਅਰਜ਼ੀ ਵਿੱਚ ਧਿਰ ਨਹੀਂ ਹੈ, ਤਾਂ ਹਵਾਲਾ ਬੇਕਾਰ ਹੈ ਅਤੇ ਅਧਿਕਾਰ ਖੇਤਰ ਤੋਂ ਬਾਹਰ ਹੈ। ਕੇਸ ਦੇ ਇਸ ਦ੍ਰਿਸ਼ਟੀਕੋਣ ਵਿੱਚ ਮਾਣਯੋਗ ਜੱਜਾਂ ਨੇ ਅਪੀਲ ਨੂੰ ਸਵੀਕਾਰ ਕਰ ਲਿਆ ਅਤੇ ਮਾਣਯੋਗ ਸਿੰਗਲ ਜੱਜ ਦੇ ਹੁਕਮ ਨੂੰ ਰੱਦ ਕਰ ਦਿੱਤਾ।

ਕਾਨੂੰਨੀ ਸਥਿਤੀ ਮੈਨੂੰ ਕਾਫ਼ੀ ਸਪੱਸ਼ਟ ਜਾਪਦੀ ਹੈ। ਜਦੋਂ ਕਿਸੇ ਟਰੱਸਟ ਦੇ ਪ੍ਰਸ਼ਾਸਨ ਲਈ ਦੋ ਜਾਂ ਦੋ ਤੋਂ ਵੱਧ ਟਰੱਸਟੀ ਨਿਯੁਕਤ ਕੀਤੇ ਜਾਂਦੇ ਹਨ, ਤਾਂ ਉਹ ਸਾਰੇ ਇੱਕ ਸਮੂਹਿਕ ਟਰੱਸਟੀ ਬਣਦੇ ਹਨ ਅਤੇ ਉਹਨਾਂ ਨੂੰ ਉਹਨਾਂ ਸਾਰੀਆਂ ਸ਼ਕਤੀਆਂ ਦੀ ਸਾਂਝੇ ਤੌਰ 'ਤੇ ਵਰਤੋਂ ਕਰਨੀ ਚਾਹੀਦੀ ਹੈ ਜੋ ਉਹਨਾਂ ਦੇ ਵਿਵੇਕ ਅਤੇ ਨਿਰਣੇ ਦੀ ਮੰਗ ਕਰਦੀਆਂ ਹਨ ਜਦੋਂ ਤੱਕ ਕਿ ਟਰੱਸਟ ਦੀ ਸ਼ਕਤੀ ਟਰੱਸਟ ਨੂੰ ਚਲਾਉਣ ਲਈ ਇੱਕ ਇਕੱਲੇ ਟਰੱਸਟੀ ਨੂੰ ਅਧਿਕਾਰਤ ਨਹੀਂ ਕਰਦੀ ਹੈ । ਸਹਿ-ਟ੍ਰਸਟੀਆਂ ਦੇ ਸਮੂਹ ਲਈ ਉਹਨਾਂ ਵਿੱਚੋਂ ਇੱਕ ਨੂੰ ਉਹ ਕੰਮ ਕਰਨ ਲਈ ਅਧਿਕਾਰਤ ਕਰਨ ਦੀ ਇਜਾਜ਼ਤ ਹੈ, ਜਿਸ ਲਈ ਸਾਰਿਆਂ ਦੁਆਰਾ ਸਹਿਮਤੀ ਦਿੱਤੀ ਗਈ ਹੈ ਅਤੇ ਜੋ ਉਹਨਾਂ ਸਾਰਿਆਂ ਦੁਆਰਾ ਸੁਵਿਧਾਜਨਕ ਢੰਗ ਨਾਲ ਨਹੀਂ ਕੀਤਾ ਜਾ ਸਕਦਾ,ਪਰ ਟਰੱਸਟੀ ਜੋ ਇਸ ਤਰ੍ਹਾਂ ਅਧਿਕਾਰਤ ਹੈ, ਨੂੰ ਸਾਰੇ ਸਹਿ-ਟਰੱਸਟੀ ਦਾ ਨੁਮਾਇੰਦਾ ਮੰਨਿਆ ਜਾਂਦਾ ਹੈ ਨਾ ਕਿ ਇੱਕ ਵਿਅਕਤੀਗਤ ਟਰੱਸਟੀ। ਹੋ ਸਕਦਾ ਹੈ ਕਿ ਰਾਧਾ ਸਿੰਘ ਅਤੇ ਸੋਹਨ ਲਾਲ ਨੇ ਹਰਭਜਨ ਸਿੰਘ ਦੇ ਦਾਅਵੇ ਨੂੰ ਸਵੀਕਾਰ ਕਰ ਲਿਆ ਹੋਵੇ ਪਰ ਉਹ ਕਦੇ ਵੀ ਇਸ ਗੱਲ 'ਤੇ ਸਹਿਮਤ ਨਹੀਂ ਹੋਏ ਕਿ ਹਰਭਜਨ ਸਿੰਘ ਅਤੇ ਲੱਖਾ ਸਿੰਘ ਵਿਚਕਾਰ ਮਤਭੇਦ ਦੇ ਮਾਮਲਿਆਂ ਨੂੰ ਸਾਲਸ ਲਈ ਭੇਜਿਆ ਜਾਵੇ ਅਤੇ ਸਾਲਸ ਦੁਆਰਾ ਫੈਸਲਾ ਕੀਤਾ ਜਾਵੇ। ਉਹ ਸਿਰਫ ਇਸ ਗੱਲ 'ਤੇ ਸਹਿਮਤ ਹੋਏ ਕਿ ਇਸ ਮਾਮਲੇ ਦਾ ਫੈਸਲਾ ਅਦਾਲਤ ਦੁਆਰਾ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਜੇਕਰ ਹਰਭਜਨ ਸਿੰਘ ਕਾਹਲਾ ਸੀ ਕਿ ਮਾਮਲੇ ਦਾ ਫੈਸਲਾ ਸਾਲਸ ਦੁਆਰਾ ਕੀਤਾ ਜਾਣਾ ਚਾਹੀਦਾ ਹੈ ਅਤੇ ਟਰੱਸਟ ਨੂੰ ਉਹਨਾਂ ਦੁਆਰਾ ਦਿੱਤੇ ਫੈਸਲੇ ਦਾ ਪਾਬੰਦ ਹੋਣਾ ਚਾਹੀਦਾ ਹੈ, ਤਾਂ ਉਸ ਦਾ ਇਹ ਫਰਜ਼ ਬਣਦਾ ਸੀ ਕਿ ਉਹ ਸਾਲਸ ਦੀ ਅਧੀਨਗੀ ਵਿੱਚ ਬਾਕੀ ਦੋ ਟਰੱਸਟੀਆਂ ਨੂੰ ਸ਼ਾਮਲ ਕਰਦਾ। ਉਹ ਅਜਿਹਾ ਕਰਨ ਵਿੱਚ ਅਸਫਲ ਰਿਹਾ, ਅਤੇ ਇਸ ਲਈ, ਮੈਨੂੰ ਲੱਗਦਾ ਹੈ ਕਿ ਉਸਦੀ ਕਾਰਵਾਈ ਟਰੱਸਟ ਐਕਟ ਦੀਆਂ ਧਾਰਾਵਾਂ 43 ਅਤੇ 48 ਦੇ ਸਪਸ਼ਟ ਉਪਬੰਧਾਂ ਦੇ ਉਲਟ ਸੀ।

ਇਹਨਾਂ ਕਾਰਨਾਂ ਕਰਕੇ ਮੈਂ ਪਟੀਸ਼ਨ ਨੂੰ ਸਵੀਕਾਰ ਕਰਦਾ ਹਾਂ, ਸੀਨੀਅਰ ਸਬ-ਜੱਜ ਦੇ ਹੁਕਮਾਂ ਨੂੰ ਰੱਦ ਕਰਦਾ ਹਾਂ ਅਤੇ ਹੇਠਲੀ ਅਦਾਲਤ ਦੇ ਹੁਕਮ ਨੂੰ ਬਹਾਲ ਕਰਦਾ ਹਾਂ । ਖਰਚਿਆਂ ਬਾਰੇ ਕੋਈ ਆਦੇਸ਼ ਨਹੀਂ ਹੈ।

ਧਿਰਾਂ ਨੂੰ 25 ਅਕਤੂਬਰ, 1957 ਨੂੰ ਹੇਠਲੀ ਅਦਾਲਤ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਹੈ।

ਬੀ.ਆਰ.ਟੀ.

**ਡਿਸਕਲੇਮਰ**:- ਸਥਾਨਕ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ ਨਿਰਣਾ ਕੇਵਲ ਮਕੁੱਦਮੇਬਾਜਾਂ ਲਈ ਉਹਨਾਂ ਦੀ ਆਪਣੀ ਭਾਸ਼ਾ ਵਿੱਚ ਸਮਝਣ ਤੱਕ ਹੀ ਸੀਮਤ ਹੈ ਅਤੇ ਇਸਦਾ ਕਿਸੇ ਹੋਰ ਉਦੇਸ਼ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਸਾਰੇ ਵਿਹਾਰਕ ਅਤੇ ਅਧਿਕਾਰਕ ਮੰਤਵਾਂ ਲਈ, ਨਿਆਂ ਨਿਰਣੇ ਦਾ ਅੰਗਰੇਜ਼ੀ ਸੰਸਕਰਣ ਪ੍ਰਮਾਣਿਤ ਹੋਵੇਗਾ ਅਤੇ ਅਮਲ ਲਾਗੂ ਕਰਨ ਲਈ ਇਸਨੂੰ ਤਰਜੀਹ ਦਿੱਤੀ ਜਾਵੇਗੀ।

**ਸੰਦੀਪ ਕੁਮਾਰ**